# Virtual Summit between Prime Minister Shri NarendraModi and Prime Minister of Vietnam H.E. Nguyen XuanPhuc

December 18, 2020

---

## ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਵਿਅਤਨਾਮ ਦੇ ਪ੍ਰਧਾਨ ਮੰਤਰੀ ਮਹਾਮਹਿਮ ਗੁਗਯੇਨ ਜ਼ੁਆਨਫੁਕ ਵਿਚਾਲੇ ਵਰਚੁਅਲ ਸਿਖਰ ਸੰਮੇਲਨ

18 ਦਸੰਬਰ, 2020

1. ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵਿਅਤਨਾਮ ਦੇ ਪ੍ਰਧਾਨ ਮੰਤਰੀ ਮਹਾਮਹਿਮ ਗੁਗਯੇਨ ਜ਼ੁਆਨਫੁਕ ਨਾਲ 21 ਦਸੰਬਰ, 2020 ਨੂੰ ਵਰਚੁਅਲ ਸਿਖਰ ਸੰਮੇਲਨ ਕਰਨਗੇ।

2. ਇਸ ਸਿਖਰ ਸੰਮੇਲਨ ਦੌਰਾਨ ਦੋਵੇਂ ਆਗੂ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਆਪਕ ਵਿਚਾਰ ਵਟਾਂਦਰੇ ਕਰਨਗੇ ਅਤੇ ਭਵਿੱਖ ਵਿੱਚ ਭਾਰਤ-ਵਿਅਤਨਾਮ ਵਿਆਪਕ ਰਣਨੀਤਕ ਭਾਈਵਾਲੀ ਦੇ ਵਿਕਾਸ ਲਈ ਮਾਰਗ ਦਰਸ਼ਨ ਪ੍ਰਦਾਨ ਕਰਨਗੇ।

3. 2020 ਵਿੱਚ ਦੋਨਾਂ ਦੇਸ਼ਾਂ ਦੇ ਉੱਚ ਪੱਧਰੀ ਵਟਾਂਦਰੇ ਜਾਰੀ ਰਹੇ। ਵਿਅਤਨਾਮ ਦੇ ਉਪ-ਰਾਸ਼ਟਰਪਤੀ ਮਹਾਮਹਿਮ ਸ਼੍ਰੀਮਤੀ ਡਾਂਗ ਥੀ ਗੋਕ ਥਿੰਹ ਫਰਵਰੀ, 2020 ਵਿੱਚ ਸਰਕਾਰੀ ਦੌਰੇ 'ਤੇ ਭਾਰਤ ਆਏ ਸਨ। ਦੋਨਾਂ ਪ੍ਰਧਾਨ ਮੰਤਰੀਆਂ ਨੇ 13 ਅਪ੍ਰੈਲ, 2020 ਨੂੰ COVID -19 ਮਹਾਂਮਾਰੀ ਤੋਂ ਉਪਜੀ ਸਥਿਤੀ ਬਾਰੇ ਵਿਚਾਰ ਵਟਾਂਦਰੇ ਕਰਨ ਲਈ ਟੈਲੀਫੋਨ 'ਤੇ ਗੱਲਬਾਤ ਕੀਤੀ। ਸਾਂਝੇ ਕਮੀਸ਼ਨ ਦੀ ਬੈਠਕ (ਵਰਚੁਅਲ) ਦਾ 17ਵਾਂ ਸੰਸਕਰਣ 25 ਅਗਸਤ, 2020 ਨੂੰ ਦੋਨਾਂ ਵਿਦੇਸ਼ ਮੰਤਰੀਆਂ ਦੀ ਸਹਿ-ਪ੍ਰਧਾਨਗੀ ਹੇਠ ਹੋਇਆ। ਰੱਖਿਆ ਮੰਤਰੀ ਨੇ 27 ਨਵੰਬਰ, 2020 ਨੂੰ ਆਪਣੇ ਹਮਰੁਤਬਾ ਨਾਲ ਇੱਕ ਆਨਲਾਈਨ ਬੈਠਕ ਕੀਤੀ।

ਨਵੀਂ ਦਿਲੀ

18 ਦਸੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.